ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
K ROAD

ਟ੍ਰੈਕਟ ਨੰ: 119

# ਸਰਬੱਤ ਦਾ ਭਲਾ - ਕਿਉਂ ?
# ਅਤੇ
# ਅਰਦਾਸ ਕਿਉਂ ਨਹੀਂ ਸੁਣੀ ਜਾਂਦੀ ?

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ
ਪਟਿਆਲਾ ।

| | | |
|---|---|---|
| ਅਕਤੂਬਰ ੧੯੯੭ | ਸੰਮਤ ਖਾਲਸਾ ੨੯੯ | ਪਹਿਲੀ ਵਾਰ ੨੦,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

**ਪਾਠਕ ਜੀ !** ਧਰਮ ਪ੍ਰਚਾਰ ਲਈ ਤੁਸੀਂ ਕੀ ਕਰ ਰਹੇ ਹੋ ? ਜੇ ਹੋਰ ਨਹੀਂ ਤਾਂ ਆਪਣੀ ਨੇਕ ਕਮਾਈ ਵਿਚੋਂ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਦੀਆਂ 100-50 ਕਾਪੀਆਂ ਮੰਗਵਾ ਕੇ ਆਪਣੇ ਆਲੇ-ਦੁਆਲੇ ਦੀਆਂ ਸੰਗਤਾਂ ਜਾਂ ਸਾਕ-ਸਨੇਹੀਆਂ ਵਿਚ ਵੰਡ ਕੇ ਧਰਮ ਪ੍ਰਚਾਰ ਦੇ ਇਸ ਕਾਰਜ ਵਿਚ ਆਪਣਾ ਹਿੱਸਾ ਪਾ ਸਕਦੇ ਹੋ ।

1. ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਪੁਸਤਕ A world beyond ਦੇ ਕੁਝ ਭਾਗ ਦਾ ਪੰਜਾਬੀ ਉਲੱਥਾ 'ਅਬਿਨਾਸ਼ੀ ਲੀਲ੍ਹਾ'' ਦੀ ਦੂਜੀ ਐਡੀਸ਼ਨ = 7/- ਰੁ:
2. 'ਅੰਮ੍ਰਿਤ ਵੇਲਾ' ਪੁਸਤਕ ਦੀ ਦਸਵੀਂ ਐਡੀਸ਼ਨ =10/- ਰੁ:
3. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
4. ਜਾਪੁ ਸਾਹਿਬ ਬਾਣੀ ਦਾ ਸੰਖੇਪ ਅਰਥਾਂ ਸਹਿਤ ਗੁਟਕਾ = 5/- ਰੁ:
5. ਮੋਟੇ ਅਖਰਾਂ ਵਾਲਾ ਜਪੁਜੀ, ਰਹਿਰਾਸ, ਸੋਹਿਲਾ ਅਤੇ ਅਰਦਾਸ ਦਾ ਗੁਟਕਾ ਸ਼ੁਧ ਉਚਾਰਨ ਸੰਕੇਤਾਂ ਸਹਿਤ = 4/- ਰੁ:
6. ਕੁਝ ਧਾਰਮਕ ਰਹੁ ਰੀਤਾਂ ਦੀ ਜਾਣਕਾਰੀ = 2/- ਰੁ:
7. ਕਬਿਯੋਵਾਚ ਚੌਪਈ ਅਤੇ ਚੌਪਈ ਪਾ : ੧੦ ਸਟੀਕ = 2/- ਰੁ:

**ਨੋਟ** : ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫ਼ਟ ਸ. ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ । ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ : 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ । ਕ੍ਰਿਪਾ ਕਰਕੇ ਆਪਣਾ ਨਾਂ ਪਤਾ, ਸਾਫ ਪਿੰਡ ਕੋਡ ਸਹਿਤ ਲਿਖੋ ਅਤੇ ਪਟਿਆਲੇ ਦਾ ਨਵਾਂ ਪਿੰਨ ਕੋਡ 147 003 ਜ਼ਰੂਰ ਨੋਟ ਕਰ ਲਵੋ ਜੀ ।

ਪ੍ਰਾਰਥਕ

# ਸਰਬੱਤ ਦਾ ਭਲਾ - ਕਿਉਂ ?

ਕਈ ਵਾਰ ਸਾਡੇ ਸਿੱਖਾਂ ਵਿਚ ਬੜੀ ਵਡਿਆਈ ਨਾਲ ਇਹ ਚਰਚਾ ਸੁਣੀ ਜਾਂਦੀ ਹੈ ਕਿ ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ। ਇਹ ਠੀਕ ਵੀ ਹੈ ਤੇ ਅਸੀਂ ਹਰ ਅਰਦਾਸ ਵਿਚ, ਜਿਹੜੀ ਦਿਨ ਵਿਚ ਘੱਟ ਤੋਂ ਘੱਟ ਦੋ ਤਿੰਨ ਵਾਰ ਤਾਂ ਹੁੰਦੀ ਹੀ ਹੈ, ਅਸੀਂ ਨਾਮ ਦੇ ਆਸਰੇ ਚੜ੍ਹਦੀ ਕਲਾ ਤੇ ਪ੍ਰਭੂ ਦੇ ਹੁਕਮ ਵਿਚ, ਸਭ ਦਾ ਭਲਾ ਮੰਗਦੇ ਹਾਂ।

ਕਦੇ ਵਿਚਾਰ ਕੀਤਾ ਹੈ ਕਿ ਅਸੀਂ ਕਿਤਨੀ ਕੁ ਡੂੰਘਾਈ ਨਾਲ ਆਪ ਇਹ ਗੱਲ ਸਮਝਦੇ ਹਾਂ ਕਿ ਸਰਬੱਤ ਦਾ ਭਲਾ ਕੀ ਹੁੰਦਾ ਹੈ ਤੇ ਕਿਤਨੀ ਕੁ ਸਚਾਈ ਨਾਲ, ਸਹੀ ਅਰਥਾਂ ਵਿਚ ਸਭ ਦਾ ਭਲਾ ਮੰਗਦੇ ਹਾਂ ? ਤੇ ਜੇ ਸੱਚਮੁਚ ਅਸੀਂ ਸਪੱਸ਼ਟ ਇਹੋ ਮੰਗਦੇ ਹਾਂ ਤਾਂ ਅਸੀਂ ਦੁਖੀ ਕਿਉਂ ਹਾਂ ?

ਇਹ 'ਪੱਥਰ ਤੇ ਲਕੀਰ' ਸਚਾਈ ਹੈ ਕਿ ਉਹ ਬੰਦਾ ਜਿਹੜਾ ਸਭ ਦਾ ਭਲਾ ਮੰਗਦਾ ਹੈ, ਆਪ ਕਦੇ ਦੁਖੀ ਹੋ ਹੀ ਨਹੀਂ ਸਕਦਾ, ਭਾਵੇਂ ਉਹ ਆਰਿਆਂ ਨਾਲ ਚੀਰਿਆ ਜਾਏ, ਬੰਦ ਬੰਦ ਕਟੇ ਜਾਣ। ਪਰ ਅਸੀਂ ਤਾਂ ਇਤਨੇ ਦੁਖੀ ਹਾਂ ਕਿ ਰੋਗ-ਗ੍ਰਸਤ ਹੋਣ ਤੋਂ ਇਲਾਵਾ ਹਰ ਵੇਲੇ ਕੁੜ੍ਹਦੇ, ਰੋਂਦੇ, ਪਿਟਦੇ, ਭੈਣ-ਭਰਾਵਾਂ, ਮਾਂ-ਪਿਉ, ਪਤੀ-ਪਤਨੀ ਨਾਲ ਮੂੰਹ ਮੋਟਾ ਕਰਦੇ ਅਤੇ ਸਭ ਤੋਂ ਵੱਧ, ਆਪਣੇ ਦੁੱਖਾਂ ਨੂੰ ਵਧਾਉਣ ਲਈ ਹਮੇਸ਼ਾਂ ਹੀ ਉਨ੍ਹਾਂ ਦਾ ਵੀਚਾਰ ਕਰਦੇ ਤੇ ਲੋਕਾਂ

ਦੇ ਮੱਥੇ ਦੋਸ਼ ਲਾ ਕੇ ਹੋਰ ਨਫ਼ਰਤ ਕਰਦੇ, ਹੋਰ ਈਰਖਾ ਕਰਦੇ ਤੇ ਗੁਰੂ ਤੋਂ ਬੇਮੁੱਖ ਹੋ ਕੇ ਸਰਬੱਤ ਦਾ ਭਲਾ ਇਕ ਦੰਦ-ਕਥਨੀ ਤੋਂ ਵੱਧ ਨਹੀਂ ਰਹਿ ਜਾਂਦਾ।

ਆਉ ਸੋਚੀਏ ਸਰਬੱਤ ਦੇ ਭਲੇ ਵਿਚ ਕਿਹੜਾ ਭੇਦ ਹੈ, ਜਿਹੜਾ ਬੰਦੇ ਨੂੰ ਕਦੀ ਦੁਖੀ ਨਹੀਂ ਹੋਣ ਦਿੰਦਾ। ਦੋ ਗੱਲਾਂ, ਪਹਿਲੋਂ - ਗੁਰੂ ਦਾ ਹੁਕਮ ਵੇਖੋ -

*"ਪਰ ਕਾ ਬੁਰਾ ਨ ਰਾਖਹੁ ਚੀਤ ॥*
*ਤੁਮ ਕਉ ਦੁਖੁ ਨਹੀ ਭਾਈ ਮੀਤ ॥" (386)*

ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਜੇ ਤੁਸੀਂ (negatively) ਕਿਸੇ ਦਾ ਬੁਰਾ ਨਹੀਂ ਸੋਚਦੇ ਤਾਂ ਤੁਹਾਨੂੰ ਦੁੱਖ ਨਹੀਂ ਲੱਗੇਗਾ। ਪਰ ਇਸ ਵਿਚ in-built (ਪ੍ਰਤੱਖ) ਅਸੂਲ ਹੈ ਕਿ ਤੁਸੀਂ ਪਰਾਏ ਦਾ ਭਲਾ ਮੰਗਦੇ ਹੋ ਤਾਂ ਤੁਹਾਡਾ ਭਲਾ ਆਪਣੇ ਆਪ ਹੁੰਦਾ ਰਹੇਗਾ।

*"ਦਦੈ ਦੋਸੁ ਨ ਦੇਊ ਕਿਸੈ*
*ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ ॥"* (433)

ਇਹ ਸਪੱਸ਼ਟ ਕਰਦਾ ਹੈ ਕਿ ਸਾਨੂੰ ਹੋਰ ਕੋਈ ਦੁਖੀ ਨਹੀਂ ਕਰਦਾ। ਅਸੀਂ ਆਪਣੇ ਕਰਮਾਂ ਕਰਕੇ, ਆਪਣੇ ਕੀਤੇ ਦਾ ਫਲ ਪਾਂਦੇ ਹਾਂ। ਦੂਜੇ ਲਫਜ਼ਾਂ ਵਿਚ, ਇਕ ਤਾਂ ਸੱਚਮੁਚ ਦੂਜੇ ਦਾ ਭਲਾ ਮੰਗਦੇ ਹੀ ਨਹੀਂ ਤੇ ਦੂਜਾ, ਆਪਣੇ ਕੀਤੇ ਦੇ

ਫਲ ਨੂੰ ਲੋਕਾਂ ਦੇ ਮੱਥੇ ਮੜ੍ਹ ਕੇ ਦੂਜਿਆਂ ਨਾਲ ਝਗੜਾ ਨਫ਼ਰਤ ਤੇ ਬੁਰਿਆਈ ਕਰਦੇ ਹਾਂ।

ਸਰਬੱਤ ਦਾ ਭਲਾ ਬੁੱਲ੍ਹਾਂ 'ਤੇ, ਅੰਦਰ ਵੈਰ, ਵਿਰੋਧ, ਨਿੰਦਾ, ਚੁਗਲੀ, ਈਰਖਾ, ਇਉਂ ਕਰਨ ਨਾਲ ਰੋਗੀ ਹੋ ਜਾਂਦੇ ਹਾਂ - ਦੋ ਤਰ੍ਹਾਂ ਨਾਲ, ਇਕ ਤਾਂ ਸਰੀਰ ਦੇ ਸਾਰੇ ਰੋਗ ਮਾਨਸਿਕ ਹਾਲਤ ਤੋਂ ਉਪਜਦੇ ਹਨ ਅਤੇ ਮਾਨਸਿਕ ਹਾਲਤ ਲੋਕਾਂ ਨਾਲ ਸਾੜੇ ਤੇ ਵੈਰ ਦੀ ਹੈ ਤਾਂ ਅੰਦਰ Poison (ਜ਼ਹਿਰ) ਫੈਲ ਜਾਂਦਾ ਹੈ। ਇਹ ਜ਼ਹਿਰ ਕਿਸੇ ਨਾ ਕਿਸੇ ਪਾਸਿਉਂ ਬੀਮਾਰੀ ਬਣ ਕੇ ਉਪਜਦਾ ਹੈ ਤੇ ਜੇ ਇਲਾਜ ਬਾਹਰੋਂ ਕਰਦੇ ਵੀ ਹਾਂ, ਤਾਂ ਵੀ ਅੰਦਰਲੀ ਜੜ੍ਹ ਵਿਚ ਹੋਰ-ਹੋਰ ਜ਼ਹਿਰ ਨਿਕਲਣ ਕਰਕੇ ਉਸਦਾ ਕੋਈ ਅਸਰ ਨਹੀਂ ਹੁੰਦਾ।

ਇਸਦੇ ਨਾਲ ਹੀ ਅਧਿਆਤਮਕਤਾ ਨੇੜੇ ਨਹੀਂ ਲੱਗਦੀ। ਪਾਠ ਕਰਦੇ ਹਾਂ, ਗੁਰਦੁਆਰੇ ਜਾਂਦੇ ਹਾਂ, ਪ੍ਰਵਚਨ ਤੇ ਕਥਾ ਸੁਣਦੇ ਹਾਂ, ਪਰ ਬੰਧੇ ਆਪਣੇ ਵੈਰ ਤੇ ਹਉਮੈ ਨਾਲ ਹਾਂ ਤੇ ਸਮਝ ਹੀ ਉੱਡ ਜਾਂਦੀ ਹੈ ਕਿ ਸਾਡੇ ਰੋਗ ਦਾ ਇਲਾਜ ਬਾਹਰੋਂ ਨਾ ਡਾਕਟਰ ਕਰ ਸਕਦਾ ਹੈ ਤੇ ਨਾ ਹੀ ਅਧਿਆਤਮ। ਕਿਉਂਕਿ ਪਹਿਲੀ ਹਾਲਤ ਵਿਚ ਡਾਕਟਰ ਵੱਲ (ਠੀਕ) ਕਰਦਾ ਹੈ ਪਰ ਜ਼ਹਿਰ ਦਾ ਸੋਮਾ ਕੱਟਿਆ ਨਹੀਂ ਗਿਆ, ਤਾਂ ਮੁੜ-ਮੁੜ ਜ਼ਹਿਰ ਉਪਜ ਕੇ ਰੋਗੀ ਕਰਦਾ ਹੈ।

ਦੂਜੀ ਹਾਲਤ ਵਿਚ ਜ਼ਹਿਰ ਤੇ ਰੋਗ ਨੇ ਇਤਨਾ ਅੰਨ੍ਹਾ ਕਰ ਦਿੱਤਾ ਹੈ ਕਿ ਨਾ ਪਿਆਰ, ਨਾ ਸ਼ਰਧਾ ਤੇ ਨਾ ਵਿਸ਼ਵਾਸ ਪੈਦਾ ਹੋਣ

ਦੇਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਬੰਦਾ ਸਰਬੱਤ ਦਾ ਭਲਾ ਮੰਗਣਾ ਤਾਂ ਕਿਤੇ ਰਹਿਆ, ਅਨਜਾਣੇ ਹੀ ਆਪਣੇ ਦੁੱਖ ਦੇ ਕਾਰਣ ਬੰਦੇ ਨਾਲ ਕਚੀਚੀਆਂ ਵੱਟ-ਵੱਟ ਕੇ ਹੋਰ ਜ਼ਹਿਰ ਉਗਲਦਾ ਹੈ ਤੇ ਹੇਠਲੇ ਬੀਮਾਰੀ ਦੇ ਡਾਹਢੇ ਮਦਦਗਾਰ ਹੋਰ-ਹੋਰ ਪੈਦਾ ਹੋ ਜਾਂਦੇ ਹਨ ਤੇ ਬੀਮਾਰੀ ਨੂੰ ਹਰ ਵੇਲੇ ਪੱਠੇ ਪਾਈ ਰਖਦੇ ਹਨ। ਸਰਬੱਤ ਦੇ ਭਲੇ ਦਾ ਖਿਆਲ ਹੀ ਉੱਡ ਜਾਂਦਾ ਹੈ, ਵੇਖੋ :-

1. ਮੈਂ ਅਤੀ ਦੁਖੀ ਹਾਂ ਤੇ ਸੁਖੀ ਉਦੋਂ ਹੋ ਸਕਦਾ ਹਾਂ ਜੇ ਦੂਜਾ ਬੰਦਾ ਬਦਲ ਜਾਏ ਜਾਂ ਉਸ ਨੂੰ ਕੱਢ ਲਵਾਂ, ਜਾਂ ਉਸ ਨੂੰ ਕੁਝ ਸੁਣਾ ਲਵਾਂ ਤੇ ਉਸ ਦੇ ਗਿੱਟਿਆਂ 'ਤੇ ਸੱਟ ਮਾਰਾਂ। ਦੁਖੀ ਕਰ ਕਰ ਕੇ ਗਾਲ੍ਹਾਂ ਕੱਢ-ਕੱਢ ਕੇ ਵੀ, ਮੈਂ ਅਤਿਅੰਤ ਦੁਖੀ ਹੁੰਦਾ ਹਾਂ, ਪਰ ਜਿਸਨੂੰ ਗਾਲ੍ਹਾਂ ਕੱਢਦਾ ਹਾਂ ਆਪਣੇ ਦੁੱਖਾਂ ਦਾ ਜ਼ਿੰਮੇਵਾਰ ਸਮਝ ਕੇ, ਉਹ ਸਰਬੱਤ ਦੇ ਭਲੇ ਵਿਚ ਗਾਲ੍ਹਾਂ ਖਾ ਕੇ ਅਨੰਦ ਮਾਣਦਾ ਹੈ, ਤੇ ਮੈਂ ਹੋਰ ਤਿੜਕ ਕੇ ਦੁਖੀ ਹੁੰਦਾ ਹਾਂ।
2. ਮੈਂ ਹਰ ਵੇਲੇ ਸ਼ੱਕ ਕਰਦਾ ਹਾਂ ਕਿ ਹੋਰ ਕੋਈ ਮੈਨੂੰ ਦੁਖੀ ਕਰਦਾ ਹੈ ਤੇ ਮੈਂ ਅੰਦਰੋਂ ਸੜ-ਸੜ ਕੇ ਹੋਰ ਦੁਖੀ ਹੋ ਕੇ, ਹਰ ਬੰਦੇ ਨੂੰ ਘਟੀਆ, ਹਰ ਬੰਦੇ ਦੇ ਨੁਕਸ ਵੇਖਣੇ, ਹਰ ਬੰਦੇ ਦੀ ਚੰਗਿਆਈ ਤੇ ਸ਼ੱਕ ਤੇ ਹਰ ਬੰਦੇ ਤੇ ਬੇਇਤਬਾਰੀ, ਮੇਰੀਆਂ ਆਦਤਾਂ ਬਣ ਜਾਂਦੀਆਂ ਹਨ।

ਜਦ ਵੀ ਮੇਰੇ ਖਿਆਲਾਂ ਦੇ ਉਲਟ, ਕਿਸੇ ਦੀ ਵਡਿਆਈ, ਕਿਸੇ ਦਾ ਸਤਿਕਾਰ, ਕਿਸੇ ਨੂੰ ਪਿਆਰ ਮਿਲੇ, ਮੇਰੇ ਪੇਟ ਵਿਚ ਪੀੜ

ਪੈ ਜਾਂਦੀ ਹੈ ਤੇ ਮੇਰੀ ਖ਼ੁਸ਼ੀ ਵਿਚ Permanent (ਪੱਕੀ) ਰੁਕਾਵਟ ਪੈ ਜਾਂਦੀ ਹੈ। ਇਸ ਹਾਲਤ ਵਿਚ ਜਿਸਨੂੰ ਮੈਂ ਭੈੜਾ ਸਮਝ ਬੈਠਾ ਹਾਂ, ਉਹ ਜੋ ਕੁਝ ਵੀ ਚੰਗਾ ਕਰੇ, ਮੈਂ ਮਤਲਬੀ ਸਮਝਦਾ ਹਾਂ, ਤੇ ਉਸਦੇ ਪੂਰਨ ਸੁੱਚਤਾ ਵਿਚ ਦਿਤੇ ਚੰਗੇ ਸੁਝਾਅ ਵੀ ਮੇਰੇ ਅੰਦਰ ਅੱਗ ਬਾਲ ਦੇਂਦੇ ਹਨ, ਕਮਾਲ ਇਹ ਹੈ ਕਿ :-

1. ਪਰ ਕਾ ਬੁਰਾ ਚਿਤਵਣਾ ਵੀ ਮੇਰੀ ਆਦਤ ਬਣ ਜਾਂਦੀ ਹੈ ਤੇ ਸੁੱਖ ਤੋਂ ਹੋਰ ਦੂਰ ਹੋ ਜਾਂਦਾ ਹਾਂ।
2. ਮੇਰੀ ਜ਼ਬਾਨ ਖਰਾਬ ਹੋ ਜਾਂਦੀ ਹੈ, ਤੇ ਕੌੜਾ ਬੋਲਣਾ ਮੇਰਾ ਸੁਭਾਅ ਬਣ ਜਾਂਦਾ ਹੈ, ਹਰ ਵਕਤ ਮੇਰੇ ਅੰਦਰ ਅੱਗ ਬਲਦੀ ਹੈ ਤੇ ਹੋਰ-ਹੋਰ ਸੜਦਾ ਹਾਂ।
3. ਕਿਉਂਕਿ ਮੈਨੂੰ ਯਕੀਨ ਹੈ ਕਿ ਮੇਰਾ ਦੁੱਖ ਦੂਜਿਆਂ ਕਰਕੇ ਹੈ, ਮੈਂ ਕਦੇ ਵੀ ਆਪਣੇ ਅੰਦਰ ਝਾਤੀ ਨਹੀਂ ਮਾਰਦਾ ਤੇ ਆਪਣੇ ਅੰਦਰ ਦੇ ਜ਼ਹਿਰ ਨੂੰ ਨਾ ਦੇਖ ਸਕਦਾ ਹਾਂ, ਨਾ ਉਸਦਾ ਇਲਾਜ ਸੋਚ ਸਕਦਾ ਹਾਂ।
4. ਆਪਣੇ ਅੰਦਰ ਦਾ ਬੂਹਾ ਬੰਦ ਹੋਣ ਨਾਲ ਮੈਨੂੰ ਕਦੇ ਚੇਤਾ ਹੀ ਨਹੀਂ ਆਉਂਦਾ, ਕਿਸੇ ਦਾ ਦੁੱਖ ਵੰਡਣ ਦਾ। ਕਿਉਂਕਿ ਮੈਨੂੰ ਇਹ ਯਕੀਨ ਹੈ ਕਿ ਮੈਂ ਹੀ ਸਭ ਤੋਂ ਵੱਧ ਦੁਖੀ ਹਾਂ ਤੇ ਮੇਰੇ ਨਾਲ ਹੀ ਸਭ ਤੋਂ ਵੱਧ ਅਨਿਆਇ ਹੋ ਰਹੇ ਹਨ। ਮੈਂ ਕਦੇ ਵੀ ਇਹ ਨਹੀਂ ਸਮਝਦਾ ਕਿ ਮੈਂ ਨਾਮ ਤੋਂ ਦੂਰ ਹੋਣ ਕਰਕੇ ਦੁਖੀ ਹਾਂ।
5. ਸਭ ਤੋਂ ਵੱਧ ਬਦਕਿਸਮਤੀ, ਮੈਂ ਸਰਬੱਤ ਦੇ ਭਲੇ ਦੀਆਂ

ਅਰਦਾਸਾਂ ਹੁੰਦਿਆਂ ਹੋਇਆਂ ਵੀ ਕਿਸੇ ਦਾ ਭਲਾ ਨਹੀਂ ਮੰਗਦਾ। ਅੰਦਰ ਸਾੜਾ ਹੈ, ਸਾੜਾ ਹੀ ਵੰਡਦਾ ਹਾਂ।

## ਸਰਬੱਤ ਦੇ ਭਲੇ ਵਿਚ ਪੂਰਨ ਅਨੰਦ

ਜੋ ਕੁਝ ਉੱਪਰ ਲਿਖਿਆ ਹੈ, ਇਸਦੇ ਉਲਟ ਸਰਬੱਤ ਦਾ ਭਲਾ ਮੰਗਣ ਵਾਲਾ ਆਪਣੇ ਅੰਦਰ ਇਕ Panacea ਪੈਦਾ ਕਰ ਲੈਂਦਾ ਹੈ ਤੇ ਆਪਣੇ ਦੁੱਖਾਂ ਦਾ ਨਾਸ਼ ਹੋਇਆ, ਸੁਤੇ ਸਿਧ ਦੇਖ ਲੈਂਦਾ ਹੈ। ਵੇਖੋ, ਬਰਕਤਾਂ - ਸਰਬੱਤ ਦਾ ਭਲਾ ਮੰਗਣ ਵਾਲਾ :-

1. ਕਿਸੇ ਨਾਲ ਈਰਖਾ, ਵੈਰ, ਵਿਰੋਧ ਜਾਂ ਮੁਕਾਬਲਾ ਨਹੀਂ ਕਰਦਾ, ਸਗੋਂ ਉਸਨੂੰ ਚਾਅ ਚੜ੍ਹਿਆ ਰਹਿੰਦਾ ਹੈ ਕਿ ਜਿਵੇਂ ਮੈਂ ਸੁਖੀ ਹਾਂ, ਸਾਰੇ ਸੁਖੀ ਹੋਣ। ਸਾਡਾ ਦੁੱਖ ਤਾਂ ਇਹੋ ਹੈ ਕਿ ਅਸੀਂ ਚਾਹੁੰਦੇ ਹਾਂ ਮੈਂ ਸੁਖੀ ਹੋਵਾਂ, ਲੋਕ ਦੁਖੀ। ਜਦ ਲੋਕਾਂ ਨੂੰ ਦੁਖੀ ਨਹੀਂ ਦੇਖਦੇ ਤਾਂ ਆਪ ਦੁਖੀ ਹੁੰਦੇ ਹਾਂ। ਜਦ ਲੋੜ ਪੈ ਗਈ ਸਭ ਨੂੰ ਸੁਖੀ ਵੇਖਣ ਦੀ, ਤਾਂ ਆਪ ਸੁਖੀ ਹੋ ਗਏ।

2. ਆਪਣੀਆਂ ਲੋੜਾਂ ਨਾਲੋਂ ਦੂਜੇ ਦੀਆਂ ਲੋੜਾਂ ਜ਼ਿਆਦਾ ਜ਼ਰੂਰੀ ਲੱਗਦੀਆਂ ਹਨ ਤੇ ਕੁਰਬਾਨੀ ਦਾ ਪੈਦਾ ਹੋਣ ਨਾਲ ਨਿਰਸਵਾਰਥ ਭਾਵਨਾ ਜਾਗਦੀ ਹੈ, ਜਦ ਸਵਾਰਥ ਨਹੀਂ ਤਾਂ ਦੁੱਖ ਕਿਥੇ ?

3. ਸਾਰਿਆਂ ਦਾ ਸੁਖ, ਸੱਚ ਜਾਣੋ, ਭਲਾ ਮੰਗਣ ਵਾਲੇ ਦਾ ਆਪਣਾ ਸੁਖ ਹੈ, ਕਿਉਂਕਿ ਉਸਦੀ ਵਿਸ਼ਾਲ ਤੇ ਠੰਡਕ ਭਰੀ ਆਤਮਾ ਹਰ ਥਾਂ ਠੰਡ ਵੰਡਦੀ ਹੈ ਤੇ ਪਰਉਪਕਾਰ ਕਰਦੀ ਹੈ। ਅੰਦਰ ਉਸਦੇ ਤਲਖੀ ਨਹੀਂ ਹੁੰਦੀ। ਜਿੱਥੇ ਤਲਖੀ ਨਹੀਂ ਉਥੇ ਤਨ ਮਨ ਸੀਤਲ ਹੋਣ ਕਰਕੇ ਪੂਰਨ ਸ਼ਾਂਤੀ ਤੇ ਅਰੋਗਤਾ ਹੈ।

4. ਸਰਬੱਤ ਦਾ ਭਲਾ, 'ਸਰਬ ਰੋਗ ਕਾ ਅਉਖਧ ਨਾਮ' ਦਾ ਦੂਜਾ ਨਾਂ ਹੈ। ਕੇਵਲ ''ਨਾਮ'' ਹੀ ਸਰਬੱਤ ਦੇ ਭਲੇ ਦੀ ਪ੍ਰੇਰਣਾ ਹੈ ਤੇ ਨਾਮ ਸੂਚਕ ਹੈ ਨਿਮਰਤਾ, ਪ੍ਰੇਮ, ਆਪਾ ਮਿਟਾਣਾ ਤੇ ਸਭ ਦੀ ਚਰਣ ਧੂੜ ਬਣ ਕੇ 24 ਘੰਟੇ ਯਾਦ ਵਿਚ ਲੀਨ ਰਹਿਣਾ। ਜਦ ਨਾਮ ਤੇ ਨਾਮ ਦੇ ਨਾਲ ਲੱਗਦੇ ਗੁਣ ਉਪਜ ਪਏ, ਦੁੱਖ ਕਿਥੇ ? ਤੇ ਨਾਲੇ ਸਰਬੱਤ ਦੇ ਭਲੇ ਵਿਚ ਜਦ ਸੁਖ ਲੱਗਿਆ ਤਾਂ ਦੁੱਖ ਕਿਥੇ ?

5. ਸਰਬੱਤ ਦੇ ਭਲੇ ਵਿਚ ਹੇਠਲੇ ਗੁਣ ਉਪਜਦੇ ਹਨ ਤੇ ਅਵਗੁਣ ਕੱਟਦੇ ਹਨ :-

| **ਗੁਣ ਪੈਦਾ ਹੋਣੇ** | **ਅਵਗੁਣ ਕੱਟਣੇ** |
|---|---|
| ਸਭ ਦੀ ਖੁਸ਼ੀ ਮੇਰੀ ਖੁਸ਼ੀ | ਫਿਰ ਕਿਸ ਨਾਲ ਵੈਰ ? |
| ਸਭ ਦਾ ਦੁਖ ਮੇਰਾ ਦੁੱਖ | ਫਿਰ ਕਿਸਨੂੰ ਦੁਖੀ ਕਰੋਗੇ ? |
| ਸਤਿ ਦੀ ਅਮਲੀ ਜ਼ਿੰਦਗੀ | ਝੂਠ ਦਾ ਰੋਗ ਮੁੱਕਾ। |
| ਸੰਤੋਖ ਵਿਚ ਅਨੰਦ | ਤ੍ਰਿਸ਼ਨਾ ਭੁੱਖ ਮੁੱਕ ਗਈ। |
| ਦਇਆ ਲਈ ਤੜਪ | 'ਮੈਂ' ਔਖਾ ਹਾਂ :- ਸ਼ਿਕਾਇਤ ਦਾ ਡੇਰਾ ਚੁੱਕਿਆ ਗਿਆ। |

## ਪੂਰਨ ਅਨੰਦ ਕੇਵਲ ਸਰਬੱਤ ਦੇ ਭਲੇ ਵਿਚ ਹੀ ਹੈ

ਅਸੀਂ ਆਕੜ ਵਿਚ ਨਾ ਆਈਏ। ਸਾਰੇ ਧਰਮ, ਭਾਵੇਂ ਸਾਡੇ ਵਾਂਗ, ਦਿਨ ਦੀਆਂ ਕਈ ਅਰਦਾਸਾਂ ਵਿਚ, ਸਰਬੱਤ ਦਾ ਭਲਾ ਬੇਸ਼ੱਕ ਨਾ ਮੰਗਣ, ਪਰ ਸਾਰੇ ਧਰਮਾਂ ਵਿਚ ਇਹ ਪ੍ਰਮੁੱਖ ਗੱਲ ਹੈ ਕਿ ਸਭ ਸੁਖੀ ਵੱਸਣ ਤੇ ਸਭ ਦਾ ਭਲਾ ਹੋਵੇ। ਬੱਸ, ਨੋਟ ਕਰ

ਲਈਏ ਕਿ ਗੁਰੂ ਨਾਨਕ ਸਾਹਿਬ ਨੇ ਬੰਦੇ ਨੂੰ ਸਿਖਾਣ ਲਈ ਕਿ ''ਤੂੰ ਸੁਖੀ ਰਹੇਂਗਾ'' ਸਰਬੱਤ ਦਾ ਭਲਾ ਸਿਖਾਇਆ, ਪਰ ਸਾਡੀ ਜ਼ਬਾਨ Routine ਬਣ ਗਈ, ਪਰ ਅਸਾਂ ਕੁਝ ਨਾ ਸਿਖਿਆ। ਜੇ ਸਿਖ ਲੈਂਦੇ ਤਾਂ :-

1. ਸਿੱਖਾਂ ਵਿਚ ਭੈਣ, ਭਰਾਵਾਂ ਦੇ ਕਤਲ ਨਾ ਹੁੰਦੇ।
2. ਜਾਇਦਾਦਾਂ ਦੀਆਂ ਲੜਾਈਆਂ ਤੇ ਮੁਕੱਦਮੇ ਨਾ ਹੁੰਦੇ।
3. ਦਾਜਾਂ ਲਈ ਕੁੜੀਆਂ ਨਾ ਸਾੜਦੇ।
4. ਜਾਦੂ ਟੂਣਿਆਂ ਵਿਚ ਧਿਆਨ ਨਾ ਜਾਂਦਾ।
5. ਪ੍ਰੇਮ-ਪਿਆਰ ਵਿਚ ਸਾਰੇ ਜਗਤ ਨੂੰ ਬੰਨ੍ਹ ਲੈਂਦੇ।
6. ਜੀਵਨ ਦਾ ਪ੍ਰਮੁੱਖ ਕੰਮ 'ਨਿਸ਼ਕਾਮ ਸੇਵਾ' ਹੀ ਹੁੰਦਾ, ਨਾਮ ਦੇ ਆਸਰੇ।
7. ਨਾਮ ਤੋਂ ਰਹਿਤ ਹੋ ਕੇ, ਸੁਖ ਪਦਾਰਥਾਂ ਵਿਚ ਨਾ ਲੋੜਦੇ।
8. ਈਰਖਾ, ਨਿੰਦਾ, ਚੁਗਲੀ ਵਿਚ ਨਾ ਸੜਦੇ।
9. ''ਮੈਂ'' ਨੂੰ ਮਿਟਾ ਕੇ ''ਤੂੰ'' ਵਿਚ ਲੀਨ ਰਹਿੰਦੇ।
10. ਸਭ ਮਾਨਵਤਾ ਨੂੰ ਆਪਣਾ ਜਾਣਦੇ।

ਨਾਮ ਦੇ ਬਿਨਾਂ 'ਸਰਬੱਤ ਦਾ ਭਲਾ Contradiction-in-terms ਹੈ (ਹੋ ਹੀ ਨਹੀਂ ਸਕਦਾ) ਤੇ ਸਰਬੱਤ ਦਾ ਭਲਾ ਮੰਗੇ ਬਗੈਰ ਸੁਖ ਮੰਗਣਾ ਜਾਂ ਚਾਹੁਣਾ ਇਕ ਵੱਡੀ ਭੁੱਲ ਹੈ, ਹੁਣ ਵੀ ਸੁਧਰ ਜਾਈਏ :-

*''ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਏ''*

* * *

## ਅਰਦਾਸ ਕਿਉਂ ਨਹੀਂ ਸੁਣੀ ਜਾਂਦੀ ?

ਅਰਦਾਸ ਜਾਂ ਬੇਨਤੀ ਕਰਨ ਦੇ ਕਈ ਪੱਖ ਹੁੰਦੇ ਹਨ। ਗੁਰੂ ਪਾਤਸ਼ਾਹ ਸ਼ਰਧਾ ਪ੍ਰੇਮ ਨਾਲ ਅਤੇ ਆਪਣਾ ਆਪ ਗਵਾ ਕੇ ਅਰਦਾਸ ਕਰਨ ਦਾ ਜਿਥੇ ਢੰਗ ਦਸਦੇ ਹਨ ਉਥੇ ਕਈ ਸ਼ਬਦਾਂ ਵਿਚ ਤਾਂ ਪੂਰੀ ਤਸੱਲੀ ਨਾਲ ਵਿਸ਼ਵਾਸ਼ ਦਿਵਾਉਂਦੇ ਹਨ ਕਿ ਅਰਦਾਸ ਹਮੇਸ਼ਾਂ ਪ੍ਰਵਾਨ ਹੁੰਦੀ ਹੈ। ਜਿਵੇਂ :-

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ*

*ਅਤੇ* *ਤਾ ਕਉ ਬਿਘਨ ਨ ਕਊ ਲਾਗਤਾ*

*ਜਾ ਕੀ ਪ੍ਰਭੁ ਆਗੈ ਅਰਦਾਸ ॥* *(736-37)*

ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ in all circumstances (ਹਰ ਹਾਲਤ) ਵਿਚ ਗੁਰੂ ਦੀ ਕ੍ਰਿਪਾ ਅਤੇ ਉਸਦਾ ਸਿਰ ਉਤੇ ਹੱਥ ਹੋਣਾ assured (ਯਕੀਨੀ) ਹੈ ਪਰ ਅਰਦਾਸ ਦੇ ਮਨਜ਼ੂਰ ਹੋਣ ਵਿਚ ਕਈ aspect (ਪੱਖ) ਹੁੰਦੇ ਹਨ ਜੋ ਇਸ ਪੰਗਤੀ :-

*ਦੋਇ ਕਰ ਜੋੜ ਕਰਉ ਅਰਦਾਸਿ*

*ਤੁਧ ਭਾਵੈ ਤਾ ਆਣਹਿ ਰਾਸ ॥*

ਵਿਚ ਸਪਸ਼ਟ ਹੁੰਦੇ ਹਨ। ਪਰ ਸਾਡੀ ਨਜ਼ਰ ਤੋਂ ਓਹਲੇ ਹੋ ਜਾਂਦੇ ਹਨ ਅਤੇ ਅਸੀਂ in absolute terms (ਇਨ ਬਿਨ ਸ਼ਬਦਾਂ) ਇਹ ਸਮਝਣ ਲੱਗ ਜਾਂਦੇ ਹਾਂ ਕਿ ਅਰਦਾਸ ਪੂਰੀ ਹੋਣੀ ਹੀ ਹੋਣੀ ਹੈ। ਪਰ ਪੂਰੀ ਕਿਉਂ ਨਹੀਂ ਹੁੰਦੀ ? ਇਸ ਦੇ ਵੱਖ-ਵੱਖ ਬੁਨਿਆਦੀ (Basic) ਨੁਕਤੇ/ਅਸੂਲ ਹਨ :-

ਪਹਿਲੀ ਗੱਲ ਇਹ ਹਮੇਸ਼ਾਂ ਸਪਸ਼ਟ (always clear) ਹੋਣੀ ਚਾਹੀਦੀ ਹੈ ਕਿ ਅਰਦਾਸ ਦਾ ਮਤਲਬ ਹੈ, ਪ੍ਰਾਰਥਨਾ Request । ਤੇ ਪ੍ਰਾਰਥਨਾ ਕਰਨ ਦਾ ਮਤਲਬ ਹੈ ਅਗੋਂ ਮਨਜ਼ੂਰ ਕਰਨਾ ਸਾਹਿਬਾਂ ਦੀ ਆਪਣੀ Discretion (ਮਰਜ਼ੀ) ਹੈ ਤੇ ਉਹ ਮਰਜ਼ੀ ਹਮੇਸ਼ਾਂ ਸਾਹਿਬ ਸਾਡੇ ਸੁਖ, ਸਾਡੇ ਭਲੇ ਤੇ Interest ਲਈ ਵਰਤਦੇ ਹਨ । ਪ੍ਰਭੂ ਉਹ ਕੁਝ Future (ਆਉਣ ਵਾਲੇ ਸਮੇਂ) ਬਾਰੇ ਵੀ ਜਾਣਦੇ ਹਨ ਜਦ ਕਿ ਅਸੀਂ ਵਰਤਮਾਨ (ਹੁਣ) ਬਾਰੇ ਵੀ ਜਾਣਨ ਤੋਂ ਅਸਮਰਥ ਹਾਂ ।

2. ਇਸ ਉਪਰਲੀ ਪੰਗਤੀ ਵਿਚ ਮੰਗ ਹੀ ਇਹ ਕੀਤੀ ਗਈ ਹੈ - ਪ੍ਰਭੂ ! ਜੇ ਤੈਨੂੰ ਅੱਛਾ ਲਗੇ ਤਾਂ ਮੇਰੀ ਬੇਨਤੀ ਪੂਰੀ ਕਰ ਦੇ । ਪਰ ਅਸੀਂ absolute response (ਪੂਰਨ ਤੌਰ ਤੇ ਹੁੰਗਾਰਾ) ਮੰਗਦੇ ਹਾਂ । ਜੇ ਤੁਧ ਭਾਵੈ ਵਾਲੀ ਗਲ ਵਲ ਧਿਆਨ ਹੀ ਨਹੀਂ ਦੇਂਦੇ ।

3. ਇਸ ਤਰ੍ਹਾਂ ਸਾਡਾ ਪ੍ਰਭੂ ਅਗੇ ਆਪਣਾ ਆਪ Surrender (ਸਮਰਪਣ) ਕਰਨਾ ਨਹੀਂ । ਅਸੀਂ ਅੰਦਰੋਂ ਇਹ ਪ੍ਰਵਾਨ ਨਹੀਂ ਕਰਦੇ ਕਿ ਕਰਨ ਕਰਾਵਨ ਵਾਲਾ ਤੂੰ ਹੈਂ ਅਤੇ ਮੈਂ ਇਕ ਕਿਰਮ ਜੰਤ ਹਾਂ, ਤੂੰ ਹੀ ਮੇਰਾ ਇਕੋ ਇਕ ਸਾਜਨ ਹੈਂ ।

4. ਇਸ ਤਰ੍ਹਾਂ ਪ੍ਰਭੂ ਦੀ ਪੂਰੀ ਸਮਰੱਥਾ ਅਤੇ ਸਿਆਣਪ ਦਾ ਪੂਰਾ ਇਤਬਾਰ ਨਹੀਂ ਕਿ ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ।

5. ਸਾਡੀ ਸਮਝ ਇਹ ਨਹੀਂ ਮੰਨਦੀ ਕਿ in the long run (ਦੀਰਘ ਕਾਲੀ) ਪ੍ਰਭੂ ਵੀ ਸਾਡੀ ਗਲ ਮੰਨਣ ਲਈ in the

short run (ਅਲਪਕਾਲੀ) ਇਸ ਲਈ ਨਹੀਂ ਮੰਨਦੇ ਕਿ ਅਜੇ ਇਹ ਸਾਡੇ ਲਈ ਹਾਨੀਕਾਰਕ ਹੋਏਗਾ।

6. ਨ ਅਸੀਂ ਆਪਣੀ ਸਿਆਣਪ ਛਡਦੇ ਹਾਂ ਤੇ ਨਾ ਹੀਂ ਉਸ ਉਤੇ ਨਿਰਭਰ ਹੁੰਦੇ ਹਾਂ ਭਾਵੇਂ ਰੋਜ਼ ਪੜ੍ਹਦੇ ਹਾਂ :-

*ਸਹਸ ਸਿਆਣਪਾ ਲਖ ਹੋਇ*

*ਤਾਂ ਇਕ ਨ ਚਲੈ ਨਾਲਿ ॥*

ਕਹਿੰਦੇ ਤਾਂ ਹਾਂ : ''ਦਾਸ ਆਪਣੇ ਕੀ ਰਾਖਹੁ ਲਾਜ'' ਪਰ ਸਮਝਦੇ ਹਾਂ ਕਿ ਮੈਂ ਆਪ ਸਿਆਣਾ ਹਾਂ ਅਤੇ ਆਪਣੀ ਲਾਜ ਆਪ ਰਖ ਸਕਦਾ ਹਾਂ।

7. Worldly Connections (ਦੁਨਿਆਵੀ ਸੰਬੰਧਾਂ) ਤੇ ਭਰੋਸਿਆਂ ਤੇ ਮਾਣ ਕਰਕੇ, ਸ਼ਰਨ ਪੈ ਕੇ ਵੀ ਇਹ ਯਕੀਨ ਨਹੀਂ ਹੁੰਦਾ ਕਿ ਸਾਡੀ ਪ੍ਰਿਤਪਾਲਣਾ ਪ੍ਰਭੂ ਕਰਦੇ ਹਨ, ਹੋਰ ਕੋਈ ਨਹੀਂ। ਮੂੰਹੋਂ ਭਾਵੇਂ ਇਹ ਕਹਿੰਦੇ ਹਾਂ।

8. ਕਹਿੰਦੇ ਹਾਂ, ਪਰ ਪ੍ਰਭੂ ਨੂੰ ਨਿਕਟ ਅਤੇ ਭਰਪੂਰ ਨਹੀਂ ਸਮਝਦੇ, ਐਸੀ ਪ੍ਰੀਤ ਨਹੀਂ ਕਰਦੇ ਕਿ ਪ੍ਰਭੂ ਅੱਠੇ ਪਹਿਰ ਨਿਕਟ ਦਿਸੇ ਤੇ ਸੁਣਾਈ ਦੇਵੇ।

9. ਸਾਡਾ ਲੋਕ ਪਚਾਰਾ ਨਹੀਂ ਛੁਟਦਾ, ਭਾਵੇਂ ਸਾਹਿਬ ਜ਼ੋਰ ਦੇਂਦੇ ਹਨ ਕਿ ਲੋਕ ਪਚਾਰੇ ਵਿਚੋਂ ਕੁਝ ਨਹੀਂ ਮਿਲਣਾ ਤੇ ਨਾ ਹੀ ਆਕੜ ਟੁੱਟੇਗੀ, ਜਿਸ ਕਰਕੇ ਪ੍ਰਭੂ ਤੋਂ ਵਿਛੜਦੇ ਹਾਂ। ਹਰ ਵੇਲੇ ਸੱਚ ਨਾਲ ਲਗੇ ਰਹਿਣ ਨਾਲ (24 ਘੰਟੇ ਨਾਮ ਦਾ ਰੰਗ

ਪ੍ਰਭੂ ਦੀ ਹਜ਼ੂਰੀ ਵਿਚ) ਹੀ ਅਰਦਾਸ ਦੀ ਪੂਰਨਤਾ ਦੀ ਗਲ ਸਮਝ ਆਏਗੀ।

10. Final authority (ਅੰਤਮ ਅਧਿਕਾਰ) ਸਾਹਿਬ ਨੂੰ ਨਹੀਂ ਦੇਂਦੇ, ਭਾਵੇਂ ਸਮਝਦੇ ਹਾਂ ਕਿ ਅਸੀਂ ਹੁਕਮ ਵਿਚ ਚਲੇ ਚਲਾਏ ਹਾਂ ਤੇ ਗਿਆਨ ਰਤਨ ਜੇ ਅੰਦਰ ਜਾਗਣਾ ਹੈ ਤਾਂ ਵੀ ਉਹਦੀ ਕ੍ਰਿਪਾ ਨਾਲ ਹੀ ਜਾਗਣਾ ਹੈ ਤੇ when and where and why (ਕਦੋਂ ਕਿਥੇ ਤੇ ਕਿਉਂ) ਦੀਆਂ ਵਿਥਾਂ ਸਾਡੀ ਅਰਦਾਸ ਵਿਚ, ਪ੍ਰਭੂ ਨੇ ਆਪ ਭਰਨੀਆਂ ਹਨ।

11. ਸਮਝ ਕੇ ਵੀ ਦੁਰਮੱਤ ਨਹੀਂ ਛੱਡਦੇ। ਗੁਰੂ ਦੀ ਮਤਿ ਦੀ Superiority (ਉਚੱਤਾ) ਦੀ General acceptance (ਆਮ ਸਹਿਮਤੀ/ਪ੍ਰਵਾਨਗੀ) ਤਾਂ ਹੈ ਪਰ Compromise (ਸਮਝੌਤਾ) ਕਰਨ ਵੇਲੇ ਦੁਨੀਆਂ ਨੂੰ ਉਚਾ ਸਮਝ ਕੇ ਉਹੋ ਕੁਝ ਕਰਦੇ ਹਾਂ ਜਿਹੜਾ ਪ੍ਰਭੂ ਦੇ ਮਨ੍ਹਾਂ ਕਰਦਿਆਂ ਹੋਇਆਂ ਵੀ ਘਟੀਆ ਸਮਝਦੇ ਹਾਂ।

12. ਸਾਡੀ ਅਰਦਾਸ ਦਾ ਮੁੱਖ ਮੁਦਾ (ਮੰਤਵ) ਇਹ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਨਾਮ ਜਪਾਂ ਤੇ ਅਰਦਾਸ ਇਸ ਤੋਂ ਬਿਨਾਂ ਜਾਂ ਇਸ ਤੋਂ Side step (ਵੱਖਰੇ ਤੌਰ ਤੇ) ਹੋ ਕੇ ਕਰਦੇ ਹਾਂ ਉਸ ਵਿਚ in built dissatisfaction (ਪਹਿਲਾਂ ਮਨ ਅੰਦਰ ਬਨੀ ਮਾਯੂਸੀ ਨਾ ਤਸਲੀ) ਹੈ। ਭਾਵੇਂ apparently (ਪ੍ਰਤੱਖ ਤੌਰ ਤੇ) ਜੋ ਚਾਹੁੰਦੇ ਹਾਂ ਹੋ ਵੀ ਜਾਏ। ਕਲ੍ਹ ਮੁੜ ਲਗੇਗਾ, ਉਹ ! ਇਹ ਤਾਂ ਠੀਕ ਨਹੀਂ ਹੋਇਆ, ਭਾਵੇਂ ਆਪ ਹੀ ਮੰਗਿਆ ਸੀ।

13. Last but not least (ਆਖ਼ਿਰਲਾ ਪਰ ਮਹੱਤਵਪੂਰਨ) (Permanently) ਪੱਕੇ ਤੌਰ ਤੇ ਅਰਦਾਸ ਇਕ ਕਰਦੇ, ਇਕ ਹਰੇ ਤੇ ਉਸ ਵਿਚ ਸਾਰੇ ਕੰਮ ਆਪਣੇ ਆਪ (Automatically) ਹੋ ਜਾਣਗੇ।

ਪ੍ਰਭੂ! ਆਪਣੀ ਭਗਤੀ ਵਿਚ ਇੰਝ ਲਾਵੋ ਕਿ ਸਦਾ ਸਦਾ (ਅੱਠੇ ਪਹਿਰ) ਆਪ ਨੂੰ ਯਾਦ ਕਰਾਂ। ਜੇ ਇਹ main demand (ਵੱਡੀ ਮੰਗ) ਹੈ ਤਾਂ ਅਰਦਾਸ ਦੀ ਹਰ Response (ਹੁੰਗਾਰਾ) ਸਾਡੇ ਲਈ ਕਮਾਲ ਦੀ ਹੋਵੇਗੀ। ਕਿਉਂਕਿ ਭਰੋਸਾ ਇਹ ਹੈ ਕਿ ਅਸਾਂ ਹੁਕਮ ਰਜਾਈ ਚਲਣਾ ਹੈ ਤੇ ਤਾਂ ਹੀ ਸਚਿਆਰਾ ਬਣਨਾ ਹੈ।

ਪ੍ਰਭੂ ਆਪਣਾ ਹੈ ਤੇ ਆਪਣੇ ਉਤੇ ਪੂਰਨ ਭਰੋਸਾ ਇਸ ਲਈ ਕਰਨਾ ਹੈ ਕਿ ਉਹ ਸਮਰਥ, ਸੁਖਦਾਈ ਅਤੇ ਅਭੁੱਲ ਮਦਦਗਾਰ ਹੈ।

ਜੇ ਨਾਮ ਦੀ ਜੀਵਨ ਤੋਰ ਚਲ ਪਵੇ ਹਰ ਸਵਾਸ ਵਿਚ, ਤਾਂ ਕਬੀਰ ਜੀ ਵਾਂਗ ਬੰਧੇ ਗਿਆਨੀਆਂ ਨੂੰ ਸੱਚਾ ਸਿੱਖ ਕਹਿ ਸਕਦਾ ਹੈ :-

1. ਮੇਰੇ ਘਰ ਤਾਂ ਤਾਣਾ ਬਾਣਾ (ਨਾਮ ਦਾ ਨਿਰੰਤਰ ਰੰਗ) ਹੈ ਪਰ ਤੂੰ ਬਾਹਰੋਂ ਕਚਾਰ ਸਜਾ (ਜਨੇਊ ਵਾਂਗ) ਆਕੜੀ ਜਾਂਦਾ ਹੈਂ।

2. ਤੂੰ ਵੇਦ ਪਾਠ ਗਾਇਤ੍ਰੀ ਪੜ੍ਹੀ ਹੈ (ਬਹਰੋਂ ਪੜ੍ਹਨਾ ਲਿਖਣਾ ਤੇ

ਅਮਲ ਰਹਿਤ ਜੀਣਾ) ਪਰ ਰਾਮ ਤਾਂ ਮੇਰੇ ਹਿਰਦੇ ਵਿਚ ਰਵ ਰਿਹਾ ਹੈ ।

3. ਮੇਰੀ ਜ਼ਬਾਨ ਤੇ ਪ੍ਰਭੂ, ਮੇਰੀਆਂ ਅੱਖਾਂ ਵਿਚ ਪ੍ਰਭੂ, ਮੇਰੇ ਹਿਰਦੇ ਵਿਚ ਪ੍ਰਭੂ । ਗਿਆਨੀ ਜੀ, ਜਦ ਪ੍ਰਭੂ ਤੁਹਾਡੇ ਤੋਂ ਜਮ ਦੇ ਦੁਆਰੇ ਪੁਛੇਗਾ, ਤੁਸੀਂ ਕੀ ਜਵਾਬ ਦਿਓਗੇ ?

4. ਪੰਡਿਤ ਜੀ ! ਤੁਸੀਂ ਜਨਮ ਜਨਮਾਂ ਦੇ ਰਖਵਾਲੇ ਹੋ, ਪਰ ਮੈਨੂੰ ਪਾਰ ਤਾਂ ਕਦੇ ਉਤਾਰਿਆ ਨਹੀਂ ? ਕਾਹਦੇ ਖਸਮ ਹੋ ਮੇਰੇ ? (ਸੰਤਾਂ ਦੇ ਡੇਰਿਆਂ 'ਤੇ ਵੀ ਇਹੋ ਸਵਾਲ ਕਰਨਗੇ, ਸਚਿਆਰ ਸਿਖ) ।

5. ਮੇਰਾ ਗਿਆਨ ਸੁਣੋ ! (ਪੰਡਿਤ ਜਾਂ ਗਿਆਨੀ ਜੀ) ਤੁਸੀਂ ਬ੍ਰਾਹਮਣ ਹੋ ਮੈਂ ਜੁਲਾਹਾ ਹਾਂ । ਤੁਸੀਂ ਰਾਜਿਆਂ ਮਗਰ ਲਗਦੇ ਹੋ, ਗਿਆਨ ਤਾਂ ਇਕੋ ਹੈ ਕਿ ਮੇਰੇ ਪ੍ਰਭੂ ਵਲ ਮੇਰਾ ਧਿਆਨ ਰਹਿੰਦਾ ਹੈ ।

(ਉਪ੍ਰੋਕਤ ਦੋਹਾਂ ਲੇਖਾਂ ਦੇ ਲੇਖਕ ਹਨ ਸ. ਭਗਵੰਤ ਸਿੰਘ ਜੀ ਦਲਾਵਰੀ)

* * *

Designed at :
A.S. COMPUTER GRAPHICS,
GURBAX COLONY, PATIALA.